# ਪੰਜਾਬ ਸਕੂਲ ਸਿੱਖਿਆ ਬੋਰਡ

Application Form for Correction in Particulars and
Issuance of Second Copy of Certificate cum Result Card
ਪ੍ਰੀਖਿਆਰਥੀ ਦੇ ਵੇਰਵਿਆਂ ਵਿੱਚ ਸੋਧ ਕਰਵਾਉਣ ਅਤੇ
ਸੋਧ ਉਪਰੰਤ ਸਰਟੀਫਿਕੇਟ ਦੀ ਦੂਜੀ ਕਾਪੀ ਲੈਣ ਲਈ ਫਾਰਮ
(ਜ਼ਰੂਰੀ ਹਦਾਇਤਾਂ ਅਤੇ ਸੋਧ ਲਈ ਲੋੜੀਂਦੇ ਦਸਤਾਵੇਜ਼ਾਂ ਸਬੰਧੀ ਪਿਛਲੇ ਪੰਨੇ ਤੇ ਪੜ੍ਹੋ)

ਸਵੈ-ਤਸਦੀਕਸ਼ੁਦਾ
ਪਾਸਪੋਰਟ
ਸਾਈਜ਼ ਫੋਟੋ

**ਕੰਪਿਊਟਰ ਰਾਹੀਂ ਲਗਾਇਆ ਜਾਵੇਗਾ** ਡਾਇਰੀ/ਰੈਫਰੈਂਸ ਨੰਬਰ (ਕੰਪਿਊਟਰ ਜਨਰੇਟਡ) ______ ਮਿਤੀ ______

ਜਿਲ੍ਹੇ ਦਾ ਨਾਮ ______ **ਸੋਧ ਦਾ ਵੇਰਵਾ** ______

ਸੋਧ ਕਰਵਾਉਣ ਦਾ ਕਾਰਨ ........................................................................................................

**ਫੀਸ :** ਸਥਾਨ ______ ਰਕਮ ☐☐☐☐ ਰਸੀਦ ਨੰਬਰ ☐☐☐☐☐☐ ਮਿਤੀ ☐☐/☐☐/☐☐☐☐

## ਪ੍ਰੀਖਿਆਰਥੀ ਦੇ ਵੇਰਵੇ Student Details (IN CAPITAL LETTER)

| | **ਪੁਰਾਣੇ ਵੇਰਵੇ** Old Details | **ਨਵੇਂ ਵੇਰਵੇ** New Details |
|---|---|---|
| ਪ੍ਰੀਖਿਆਰਥੀ ਦਾ ਨਾਮ | | |
| ਪਿਤਾ ਦਾ ਨਾਮ | | |
| ਮਾਤਾ ਦਾ ਨਾਮ | | |
| Candidate's Name | | |
| Father's Name | | |
| Mother's Name | | |
| Reg. No. | | |
| Date of Birth | ☐☐/☐☐/☐☐☐☐ | ☐☐/☐☐/☐☐☐☐ |

## Candidate's Contact Details

Aadhar No ______ Mobile ______ Phone ______

Email Id ______

Address ______

District ______ Tehsil ______ Pin Code ______

## Board Examination Details

| ਸ਼੍ਰੇਣੀ | ✓ | ਸਾਲ/ਸ਼ੈਸਨ (ਮਾਰਚ/ਸਤੰਬਰ) | ਰੋਲ ਨੰਬਰ | ਸਕੂਲ ਦਾ ਨਾਮ | ਦਾਖਲ ਹੋਣ ਦਾ ਸਾਲ | ਸਕੂਲ ਛੱਡਣ ਦਾ ਸਾਲ |
|---|---|---|---|---|---|---|
| ਪੰਜਵੀਂ | | | | | | |
| ਅੱਠਵੀਂ | | | | | | |
| ਦਸਵੀਂ | | | | | | |
| ਬਾਰਵੀਂ | | | | | | |

| ਕਲਾਸ | ਨਤੀਜਾ/ਪ੍ਰਾਪਤ/ਕੁੱਲ ਅੰਕ | ਪੂਰੇ ਵਿਸ਼ੇ (ਵਿਸ਼ਿਆਂ ਦੀ ਐਬਰੀਵੇਸ਼ਨ ਲਿਖੀ ਜਾਵੇ (,,,,,)) | ਕਲਾਸ | ਨਤੀਜਾ/ਪ੍ਰਾਪਤ/ਕੁੱਲ ਅੰਕ | ਪੂਰੇ ਵਿਸ਼ੇ (ਵਿਸ਼ਿਆਂ ਦੀ ਐਬਰੀਵੇਸ਼ਨ ਲਿਖੀ ਜਾਵੇ (,,,,,)) |
|---|---|---|---|---|---|
| ਪੰਜਵੀਂ | | | ਦਸਵੀਂ | | |
| ਅੱਠਵੀਂ | | | ਬਾਰਵੀਂ | | |

ਮੈਂ ਸੱਚੇ ਦਿਲੋਂ ਬਿਆਨ ਕਰਦਾ/ਕਰਦੀ ਹਾਂ ਕਿ ਇਹ ਫਾਰਮ ਮੈਂ ਖੁਦ ਭਰਿਆ ਹੈ, ਜਿਸ ਵਿੱਚ ਭਰੇ ਸਾਰੇ ਵੇਰਵੇ ਅਤੇ ਫੋਟੋ ਠੀਕ ਹਨ ਅਤੇ ਚੈੱਕ ਲਿਸਟ/ ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜ਼ ਨੱਥੀ ਹਨ। ਮੈਂ ਤਸਦੀਕ ਕਰਦਾ/ ਕਰਦੀ ਹਾਂ ਕਿ ਇਸ ਸਬੰਧੀ ਮੇਰੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ। ਮੈਂ ਸਰਕਾਰੀ/ਗੈਰ ਸਰਕਾਰੀ ਨੌਕਰੀ ਕਰਦਾ / ਕਰਦੀ ਹਾਂ / ਨਹੀਂ।

ਪ੍ਰੀਖਿਆਰਥੀ ਦੇ ਪੂਰੇ ਹਸਤਾਖਰ (ਅੰਗਰੇਜ਼ੀ ਵਿੱਚ ..........................................................) (ਪੰਜਾਬੀ ਵਿੱਚ)...........................................................................)

ਜੇਕਰ ਤੁਸੀਂ ਨੌਕਰੀ ਕਰਦੇ ਹੋ ਤਾਂ ਇਹ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਤੋਂ ਤਸਦੀਕ ਕਰਵਾਂ ਕੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ (ਮੋਹਾਲੀ) ਨੂੰ ਅਗਲੀ ਕਾਰਵਾਈ ਹਿੱਤ ਭੇਜਿਆ ਜਾਵੇ ਅਤੇ ਨਾਲ ਹੀ ਨਿਯੁਕਤੀਕਾਰ ਵਲੋਂ ਇਤਰਾਜਹੀਨਤਾ (ਐਨ.ਓ.ਸੀ.) ਸਰਟੀਫਿਕੇਟ ਨੱਥੀ ਕੀਤਾ ਜਾਵੇ।

ਮਿਤੀ.......................... ਨਿਯੁਕਤੀਕਾਰ ਦੇ ਹਸਤਾਖਰ.................................(ਦਫਤਰੀ ਮੋਹਰ)

ਪ੍ਰਾਰਥੀ ਵੱਲੋਂ ਭਰਿਆ ਫਾਰਮ ਅਤੇ ਨਾਲ ਨੱਥੀ ਦਸਤਾਵੇਜ਼ ਨਿਮਨਹਸਤਾਖਰੀ ਵੱਲੋਂ ਚੈੱਕ ਕਰ ਲਏ ਗਏ ਹਨ, ਜੋ ਕਿ ਹਦਾਇਤਾਂ ਅਨੁਸਾਰ ਸਹੀ ਹਨ ਅਤੇ ਫਾਰਮ ਵਿੱਚ ਭਰੇ ਸਾਰੇ ਵੇਰਵੇ ਦਰੁਸਤ ਹਨ।

ਜਿਲ੍ਹਾ ਮੈਨੇਜਰ / ਸੁਪਰਡੰਟ ਸਿੰਗਲ ਵਿੰਡੋ
ਦੇ ਪੂਰੇ ਹਸਤਾਖਰ (ਸਮੇਤ ਮੋਹਰ)

---

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ

ਨਾਮ..............................................................................

ਪਿਤਾ ਦਾ ਨਾਮ ...................................................................

ਪੂਰਾ ਪਤਾ ........................................................................

....................................ਪਿੰਨ ਕੋਡ .................................

ਫੋਨ/ਮੋਬਾਈਲ ਨੰ:-..............................................................

ਈਮੇਲ ਆਈ ਡੀ:-................................................................

ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ

ਨਾਮ..............................................................................

ਪਿਤਾ ਦਾ ਨਾਮ ...................................................................

ਪੂਰਾ ਪਤਾ ........................................................................

....................................ਪਿੰਨ ਕੋਡ .................................

ਫੋਨ/ਮੋਬਾਈਲ ਨੰ:-..............................................................

ਈਮੇਲ ਆਈ ਡੀ:-................................................................

Note 1. ਪ੍ਰਾਰਥੀ ਕੇਵਲ ਆਪਣਾ/ਮਾਤਾ/ ਪਿਤਾ ਦਾ ਮੋਬਾਇਲ ਨੰਬਰ ਹੀ ਫਾਰਮ ਵਿੱਚ ਭਰੇ, ਜਿਸ ਨਾਲ ਦਫਤਰ ਉਹਨਾਂ ਨਾਲ ਰਾਬਤਾ ਕਾਇਮ ਕਰ ਸਕੇ।
2. ਫਾਰਮ /ਫੀਸ ਜਮ੍ਹਾਂ ਦਰਵਾਉਣ ਤ ਂ ਪਹਿਲਾਂ ਨਾਲ ਨੱਥੀ ਹਦਾਇਤਾਂ ਨੂੰ ਚੰਗੀ ਤਰਾਂ ਪੜ ਲਿਆ ਜਾਵੇ।

*****

# ਪੰਜਾਬ ਸਕੂਲ ਸਿੱਖਿਆ ਬੋਰਡ

## ਸੋਧ ਉਪਰੰਤ ਸੈਕਿੰਡ ਕਾਪੀ ਆਫ ਸਰਟੀਫਿਕੇਟ ਕਮ ਨਤੀਜਾ ਕਾਰਡ

**ਫਾਰਮ ਤਸਦੀਕ / ਫੀਸ / ਸੋਧ ਕਰਵਾਉਣ ਸਬੰਧੀ ਹਦਾਇਤਾਂ:-**

ਬੋਰਡ ਵੱਲੋਂ 5ਵੀ, 8ਵੀਂ, 10ਵੀਂ ਅਤੇ 12 ਵੀਂ ਦੇ ਜਾਰੀ ਕੀਤੇ ਗਏ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣ ਲਈ ਵਿਧੀ ਹੇਠ ਲਿਖੇ ਅਨੁਸਾਰ ਹੈ:-

**ਨੋਟ :- ਨਤੀਜਾ ਘੋਸ਼ਿਤ ਹੋਣ ਤੋਂ ਦੋ (2) ਸਾਲ ਦੇ ਵਿੱਚ-ਵਿੱਚ ਪ੍ਰੀਖਿਆਰਥੀਆਂ ਦੇ ਵੇਰਵਿਆਂ ਵਿੱਚ ਸੋਧਾਂ ਪ੍ਰੀਖਿਆ ਸ਼ਾਖਾ ਵੱਲੋਂ ਕੀਤੀਆ ਜਾਂਦੀਆਂ ਹਨ। ਨਤੀਜਾ ਘੋਸ਼ਿਤ ਹੋਣ ਤੋਂ ਦੋ (2) ਸਾਲ ਬਾਅਦ ਪ੍ਰੀਖਿਆਰਥੀਆਂ ਦੇ ਵੇਰਵਿਆਂ ਵਿੱਚ ਸੋਧਾਂ ਸਰਟੀਫਿਕੇਟ ਸ਼ਾਖਾ ਵਲੋਂ ਕੀਤੀਆ ਜਾਂਦੀਆਂ ਹਨ।**

**<u>ਜਨਮ ਮਿਤੀ ਸਬੰਧੀ ਜਰੂਰੀ ਨੋਟ:-</u> ਜਿਨ੍ਹਾਂ ਪ੍ਰਾਥੀਆਂ ਦੀ ਉਮਰ 21 ਸਾਲ ਤੱਕ ਜਾਂ 21 ਸਾਲ ਤੋਂ ਘੱਟ ਹੈ, ਭਾਵ Age of Majority attain ( LPA No1613/2014 ਅਤੇ LPA No 373/ 2015, 21 ਮਈ 2015) ਕਰਨ ਤੋਂ ਤਿੰਨ ਸਾਲਾਂ ਦੇ ਅੰਦਰ-ਅੰਦਰ ਹੀ ਜਨਮ ਮਿਤੀ ਦੀ ਸੋਧ ਕਰਵਾ ਸਕਦੇ ਹਨ। ਜਨਮ ਮਿਤੀ ਦੀ ਸੋਧ ਕਰਵਾਉਣ ਲਈ ਜਨਮ ਮਿਤੀ ਸਰਟੀਫਿਕੇਟ ਦੀ ਰਜਿਸਟਰੇਸ਼ਨ ਮੈਟ੍ਰਿਕ ਪਾਸ ਕਰਨ ਦੀ ਮਿਤੀ ਤੋਂ ਪਹਿਲਾ ਦੀ ਹੋਣੀ ਚਾਹੀਦੀ ਹੈ। ਜਨਮ ਸਰਟੀਫਿਕੇਟ ਦੀ ਰਜਿਸਟਰੇਸ਼ਨ ਦਸਵੀਂ ਪਾਸ ਕਰਨ ਤੋਂ ਪਹਿਲਾਂ ਦੀ ਸ਼ਰਤ (ਮਾਤਾ/ ਪਿਤਾ ) ਦੇ ਨਾਮ ਦੀਆਂ ਸੋਧ ਵਾਲੇ ਕੇਸਾਂ ਵਿੱਚ ਲਾਗੂ ਨਹੀਂ ਹੋਵੇਗੀ।**

**ਫਾਰਮ ਅਤੇ ਫੋਟੋ ਤਸਦੀਕ ਸੰਬਧੀ:- ਪ੍ਰਾਰਥੀ ਆਪਣਾ ਫਾਰਮ ਅਤੇ ਫੋਟੋ ਸਵੈ ਤਸਦੀਕ (self attested) ਕਰੇਗਾ।**

| ਲੜੀ ਨੰ | ਸੋਧ ਦੀ ਕਿਸਮ | ਦਸਤਾਵੇਜ਼ ਅਤੇ ਹਦਾਇਤਾਂ |
|---|---|---|
| **ਸਾਲ 1970 ਤੋਂ ਲੈ ਕੇ ਨਤੀਜਾ ਘੋਸ਼ਿਤ ਹੋਣ ਤੋਂ ਦੋ ਸਾਲ ਬਾਅਦ ਤੱਕ ਰਿਕਾਰਡ ਅਧਾਰਿਤ ਸੋਧਾਂ** | | |
| 1.11 | ਹੇਠਲੀ ਜਾਂ ਉਪਰਲੀ ਸ਼੍ਰੇਣੀ ਦੇ ਆਧਾਰ ਤੇ ਵੇਰਵਿਆਂ ਦੀ ਸੋਧ ਦੇ ਨਿਯਮ ਅਤੇ ਦਸਤਾਵੇਜ | 1. ਜੇਕਰ ਪ੍ਰਾਰਥੀ ਵੱਲੋਂ ਪਾਸ ਕੀਤੀ ਹੇਠਲੀ ਜਾਂ ਉਪਰਲੀ ਸ਼੍ਰੇਣੀ ਵਿੱਚ ਦਰਜ ਵੇਰਵੇ (ਕਿਸੇ ਇੱਕ version ਵਿੱਚ ਸਹੀ) ਦੇ ਆਧਾਰ ਤੇ ਸੋਧ ਦੀ ਮੰਗ ਕੀਤੀ ਜਾਦੀ ਹੈ ਤਾਂ ਉਸ ਦੇ ਆਧਾਰ ਤੇ ਪ੍ਰਾਰਥੀ ਦੇ ਸਰਟੀਫਿਕੇਟ ਵਿੱਚ ਸੋਧ ਕੀਤੀ ਜਾ ਸਕੇਗੀ। |

| | | |
|---|---|---|
| | | 2. .ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਰੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣੀ ਹੈ, ਉਹਨਾਂ ਦੇ ਅਸਲ ਸਰਟੀਫਿਕੇਟ ਅਤੇ ਹੇਠਲੀ/ ਉਪਰਲੀ ਸ਼੍ਰੇਣੀ (ਜਿਸ ਵਿੱਚ ਵੇਰਵੇ ਠੀਕ ਹਨ) ਦੇ ਸਰਟੀਫਿਕੇਟਾਂ ਦੀ ਸਵੈ-ਤਸਦੀਕਸ਼ੁਦਾ ਕਾਪੀਆਂ ਨੱਥੀ ਕੀਤੀਆਂ ਜਾਣ।<br>3. ਜਨਮ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ।<br>4. ਸਬੰਧਤ ਪ੍ਰਾਰਥੀ ਜਾਂ ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ/ Driving license ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ।<br>5. ਜੇਕਰ ਪ੍ਰਾਰਥੀ ਨੇ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਤੋਂ ਹੇਠਲੀ ਜਾਂ ਉਪਰਲੀ ਸ਼੍ਰੇਣੀ ਪਾਸ ਕੀਤੀ ਹੈ ਤਾਂ ਉਹਨਾਂ ਵਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦੇ ਅਸਲ ਸਰਟੀਫਿਕੇਟ ਦੀ ਕਾਪੀ। ( ਇਹ ਸ਼ਰਤ ਜਨਮ ਮਿਤੀ ਦੇ ਕੇਸਾਂ ਵਿੱਚ ਲਾਗੂ ਨਹੀਂ ਹੋਵੇਗੀ) |
| 1.2 | ਟਾਈਪੋਗ੍ਰਾਫਿਕ ਗਲਤੀਆਂ ਦੀ ਸੋਧ | 1. ਜੇਕਰ ਪ੍ਰਾਰਥੀ ਦੇ ਵੇਰਵੇ ਬੋਰਡ ਸ਼੍ਰੇਣੀਆਂ ਵਿੱਚ ਪੰਜਾਬੀ ਜਾਂ ਅੰਗਰੇਜ਼ੀ ਵਿੱਚੋਂ ਇੱਕ ਭਾਸ਼ਾ ਵਿੱਚ ਸਹੀ ਹਨ ਤਾਂ ਇਸ ਆਧਾਰ ਤੇ ਦੂਜੀ ਭਾਸ਼ਾ ਵਿੱਚ spelling ਆਦਿ ਦੀ ਸੋਧ ਕੀਤੀ ਜਾਵੇਗੀ।<br>2. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਰੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਸੋਧ ਕਰਵਾਉਣੀ ਹੈ ਉਹਨਾਂ ਦੇ ਅਸਲ ਸਰਟੀਫਿਕੇਟ , ਫੋਟੋਕਾਪੀ ਅਤੇ ਉਪਰਲੀ, ਹੇਠਲੀ ਸ਼੍ਰੇਣੀ ਦੇ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।<br>3. ਸਬੰਧਤ ਪ੍ਰਾਰਥੀ ਜਾਂ ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ, Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀਆਂ ਨੱਥੀ ਕੀਤੀਆਂ ਜਾਣ।<br>4. ਜੇਕਰ ਪ੍ਰਾਰਥੀ ਨੇ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਤੋਂ ਹੇਠਲੀ ਜਾਂ ਉਪਰਲੀ ਸ਼੍ਰੇਣੀ ਰਾਹੀਂ ਪਾਸ ਕੀਤੀ ਹੈ ਤਾਂ ਉਹਨਾਂ ਵਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦਾ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ। |

| | | |
|---|---|---|
| 1.3 | ਪ੍ਰਾਰਥੀ ਦੀ ਜਨਮ ਮਿਤੀ ਅਤੇ ਰਜਿਸਟਰੇਸ਼ਨ ਦੀ ਸੋਧ ਸਬੰਧੀ | 1. ਪ੍ਰਾਰਥੀ ਦੀ ਜਨਮ ਮਿਤੀ ਅਤੇ ਰਜਿਸਟਰੇਸ਼ਨ ਨੰਬਰ ਦੀ ਸੋਧ ਕੇਵਲ ਹੇਠਲੀ ਸ਼੍ਰੇਣੀ ਦੇ ਅਸਲ ਸਰਟੀਫਿਕੇਟ ਦੇ ਵੇਰਵਿਆ ਦੇ ਆਧਾਰ ਤੇ ਕੀਤੀ ਜਾਵੇਗੀ।<br>2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਜਿਸ ਸ਼੍ਰੇਣੀ ਦੇ ਸਰਟੀਫਿਕੇਟ ਵਿੱਚ ਸੋਧ ਕਰਵਾਉਣੀ ਹੈ, ਉਸ ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ।<br>3. ਜਨਮ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ। (ਸੈਸ਼ਨ 2002 ਤੋਂ ਹੁਣ ਤੱਕ)<br>4. ਬੋਰਡ ਤੋਂ ਪਾਸ ਕੀਤੀ ਹੇਠਲੀ ਸ਼੍ਰੇਣੀ ਜਿਸ ਵਿੱਚ ਜਨਮ ਮਿਤੀ ਸਹੀ ਹੋਵੇ, ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਨੱਥੀ ਕੀਤੀ ਜਾਵੇ।<br>5.ਨੌਕਰੀਸ਼ੁਦਾ ਬਿਨੈਕਾਰ ਆਪਣਾ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਵੱਲੋਂ ਤਸਦੀਕ ਕਰਵਾਏਗਾ ਅਤੇ ਇਤਰਾਜਹੀਣਤਾ ਸਰਟੀਫਿਕੇਟ (NOC) ਵੀ ਪੇਸ਼ ਕਰੇਗਾ ਅਤੇ First class Magistrate ਤੋਂ ਹਲਫੀਆ ਬਿਆਨ ਦੀ ਕਾਪੀ ਨੱਥੀ ਕੀਤੀ ਜਾਵੇ।<br>6.ਨੌਕਰੀਸ਼ੁਦਾ ਪ੍ਰਾਰਥੀ Service Book ਦੇ ਪਹਿਲੇ ਪੰਨੇ ਦੀ ਵਿਭਾਗ ਤੋਂ ਤਸਦੀਕਸ਼ੁਦਾ ਫੋਟੋ ਕਾਪੀ ਵੀ ਨਾਲ ਨੱਥੀ ਕਰਨਗੇ। |
| 1.4 | ਕੇਵਲ ਵਾਧੂ ਵਿਸ਼ੇ ਦੇ ਸਰਟੀਫਿਕੇਟ ਦੇ ਵੇਰਵਿਆਂ ਵਿੱਚ ਸੋਧ ਸਬੰਧੀ ਦਸਤਾਵੇਜ਼ | ਕੇਵਲ ਵਾਧੂ ਵਿਸ਼ੇ ਦੇ ਸਰਟੀਫਿਕੇਟ ਵਿੱਚ ਪ੍ਰਾਰਥੀ ਦੇ ਨਾਮ,ਮਾਤਾ ਜਾਂ ਪਿਤਾ ਦੇ ਨਾਂ ਦੀ ਸੋਧ ਲਈ CBSE, ICSE ਅਤੇ ਹੋਰ ਮਾਨਤਾ ਪ੍ਰਾਪਤ ਬੋਰਡਾਂ ਵਲੋਂ ਜਾਰੀ ਅਸਲ ਸਰਟੀਫਿਕੇਟ ਦੀ ਸਵੈ ਤਸਦੀਕਸ਼ੁਦਾ ਫੋਟੋ ਕਾਪੀ ਅਤੇ ਵਾਧੂ ਵਿਸ਼ੇ ਦੇ ਅਸਲ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ। |
| 1.5 | ਸਾਲ 1970 ਤੋਂ 2001 ਤੱਕ ਅੰਕਾਂ ਨਾਲ ਸਰਟੀਫਿਕੇਟ ਲੈਣ ਸਬੰਧੀ | 1. ਸਕੂਲ ਦੇ ਨਤੀਜ਼ਾ ਰਜਿਸਟਰ ਦੀ ਪ੍ਰਿੰਸੀਪਲ ਤੋਂ ਤਸਦੀਕਸ਼ੁਦਾ ਕਾਪੀ ਨੱਥੀ ਕਰਨੀ ਜਰੂਰੀ ਹੈ। |

**2. ਸਾਲ 1970 ਤੋਂ ਜਨਮ ਸਰਟੀਫਿਕੇਟ ਅਧਾਰਿਤ ਸੋਧਾਂ**

| | | | |
|---|---|---|---|
| 2.1 | ਸਾਰੀਆਂ ਸ੍ਰੇਣੀਆਂ ਵਿੱਚ ਪ੍ਰਾਰਥੀ ਦੇ ਨਾਮ ਵਿੱਚ ਤਬਦੀਲੀ | ਨਿਯਮ | 1. ਉਪ ਨਾਮ/ ਗੋਤ / ਸਰਨੇਮ ਬਦਲਣ/ ਲਗਾਉਣ/ ਹਟਾਉਣ ਦਾ ਬਿਨੈ ਪੱਤਰ ਪ੍ਰਾਪਤ |

| | | | |
|---|---|---|---|
| | / ਸਰਨੇਮ ਲਗਾਉਣ (ਉਪਨਾਮ/ਗੋਤ) / ਹਟਾਉਣ ਸਬੰਧੀ. | | ਹੋਣ ਉਪਰੰਤ ਪਹਿਲਾਂ ਜਾਰੀ ਅਸਲ ਸਰਟੀਫਿਕੇਟ ਰੱਦ ਕਰਨ ਉਪਰੰਤ ਨਵਾਂ ਸਰਟੀਫਿਕੇਟ ਉਰਫ ਨਾਲ ਜਾਰੀ ਹੋਵੇਗਾ। (**ਜਿਵੇਂ ਕਿ ਹਰਦੀਪ ਸਿੰਘ ਤੋਂ ਹਰਦੀਪ ਸਿੱਧੂ ਕਰਵਾਉਣਾ ਹੈ ਤਾਂ ਨਾਮ ਹਰਦੀਪ ਸਿੱਧੂ ਉਰਫ ਹਰਦੀਪ ਸਿੰਘ ਹੋਵੇਗਾ**) । |
| | | ਦਸਤਾਵੇਜ਼ | 1. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਾਰੀ ਜਿਨ੍ਹਾਂ ਸ਼੍ਰੇਣੀਆਂ ਦੇ ਸਰਟੀਫਿਕੇਟਾਂ ਵਿੱਚ ਨਾਮ ਬਦਲੀ ਕਰਵਾਉਣੀ ਹੈ, ਉਸ ਸ਼੍ਰੇਣੀ ਦੇ ਅਸਲ ਸਰਟੀਫਿਕੇਟ ਨੱਥੀ ਕੀਤੇ ਜਾਣ।<br>2. ਬਿਨੈਕਾਰ ਵੱਲੋਂ ਆਪਣਾ ਨਾਂ ਬਦਲਣ ਸਬੰਧੀ ਦੋ ਵੱਖ -ਵੱਖ ਅਖਬਾਰਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਇਸ਼ਤਿਹਾਰ ਵੀ ਦਿੱਤਾ ਜਾਵੇ ਅਤੇ ਇਥੇ ਇਹ ਵੀ ਧਿਆਨ ਦਿੱਤਾ ਜਾਵੇ ਕਿ ਪੁਰਾਣੇ ਨਾਮ ਨੂੰ ਨਵੇਂ ਨਾਮ ਨਾਲ ਅਖਬਾਰਾਂ ਵਿੱਚ ਦਰਜ਼ ਕਰਵਾਇਆ ਜਾਵੇ। ਪੰਜਾਬੀ ਅਖਬਾਰ ਵਿੱਚ ਪੰਜਾਬੀ ਭਾਸ਼ਾ ਵਿੱਚ ਨਾਮ ਬਦਲ ਕੇ ਰੱਖਣ ਸਬੰਧੀ ਦਰਜ਼ ਕਰਵਾਇਆ ਜਾਵੇ ਅਤੇ ਅੰਗਰੇਜ਼ੀ ਅਖਬਾਰ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਦਰਜ਼ ਕੀਤਾ ਜਾਵੇ। ਵੱਖ-ਵੱਖ ਦੋ ਅਖਬਾਰਾਂ ਦੀਆਂ ਅਸਲ ਕਾਪੀਆਂ ਅਤੇ ਪਹਿਲਾਂ ਜਾਰੀ ਅਸਲ ਸਰਟੀਫਿਕੇਟ ਦਫ਼ਤਰ ਨੂੰ ਭੇਜੇ ਜਾਣ।<br>3. ਨਾਂ ਬਦਲੀ ਬਾਰੇ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਜਿਸ ਵਿੱਚ ਪ੍ਰਾਥੀ ਵੱਲੋਂ ਆਪਣਾ ਨਾਮ ਬਦਲ ਕੇ ਰੱਖਣ ਸਬੰਧੀ ਦਰਜ਼ ਕੀਤਾ ਹੋਵੇ। ਹਲਫੀਆ ਬਿਆਨ ( ਹਲਫੀਆ ਬਿਆਨ ਦਾ ਨਮੂਨਾ ਨਾਲ ਨੱਥੀ) ਵਿੱਚ ਬਿਨੈਕਾਰ ਵੱਲੋਂ ਇਹ ਵੀ ਦਰਜ਼ ਕੀਤਾ ਜਾਵੇ ਕਿ ਉਹ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵਿੱਚ ਨੌਕਰੀ ਕਰਦਾ ਹੈ ਜਾਂ ਨਹੀਂ ਅਤੇ ਉਸ ਦੇ ਵਿਰੁੱਧ ਕਿਸੇ ਅਦਾਲਤ ਵਿੱਚ ਕੋਈ ਕੋਰਟ ਕੇਸ ਨਹੀਂ ਚੱਲਦਾ ਅਤੇ ਨਾ ਹੀ ਕੋਈ ਕੇਸ ਦਰਜ਼ ਹੈ।<br>4. ਨੌਕਰੀਸ਼ੁਦਾ ਬਿਨੈਕਾਰ ਆਪਣਾ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਵੱਲੋਂ ਤਸਦੀਕ ਕਰਵਾਏਗਾ ,ਇਤਰਾਜਹੀਣਤਾ ਸਰਟੀਫਿਕੇਟ (NOC) ਵੀ ਪੇਸ਼ ਕਰੇਗਾ ਅਤੇ First class |

| | | | |
|---|---|---|---|
| | | | Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਦੀ ਕਾਪੀ ਨੱਥੀ ਕੀਤੀ ਜਾਵੇ।<br>5. Transgender persons (Protection of Rights), Act 2019 ਅਧੀਨ gender ਦੇ column ਵਿੱਚ ਸੋਧ ਅਨੁਸਾਰ female/ male ਦਰਜ਼ ਕਰਦੇ ਹੋਏ ਸਰਟੀਫਿਕੇਟ ਜਾਰੀ ਕੀਤਾ ਜਾ ਸਕੇਗਾ ਅਤੇ ਨਾਮ ਵਿੱਚ ਉਰਫ ਨਹੀਂ ਲਿਖਿਆ ਜਾਵੇਗਾ।<br>5.a) ਮੈਡੀਕਲ ਸਰਟੀਫਿਕੇਟ, ਜਨਮ ਸਰਟੀਫਿਕੇਟ, ਭਾਰਤ ਸਰਕਾਰ ਦੇ ਗਜ਼ਟ ਵਿੱਚ ਨਾਮ ਦਰਜ ਹੋਵੇ, ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਜਾਰੀ ਫੋਟੋ ਸਮੇਤ ਅਸਲ ਸਰਟੀਫਿਕੇਟ ਅਤੇ ਸ਼ਨਾਖਤੀ ਕਾਰਡ (Identity Card) ਅਤੇ ਵੋਟਰ ਕਾਰਡ ਜਿਸ ਵਿੱਚ ਨਾਮ ਸੋਧਿਆ ਹੋਵੇ ਦੀ ਸਵੈ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।<br>6. ਸਬੰਧਤ ਪ੍ਰਾਰਥੀ ਜਾਂ ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ, Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ। |
| 2.2 | ਸਾਰੀਆਂ ਸ੍ਰੇਣੀਆਂ ਵਿੱਚ ਪ੍ਰਾਰਥੀ ਦੀ ਜਨਮ ਮਿਤੀ ਸਰਟੀਫਿਕੇਟ ਦੇ ਆਧਾਰ ਤੇ ਜਨਮ ਮਿਤੀ ਅਤੇ ਮਾਤਾ-ਪਿਤਾ ਦੇ ਨਾਮ ਵਿੱਚ ਤਬਦੀਲੀ ਸਬੰਧੀ। | ਦਸਤਾਵੇਜ਼ | 1. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਜਾਰੀ ਸਾਰੀਆਂ ਸ੍ਰੇਣੀਆਂ ਦੇ ਅਸਲ ਸਰਟੀਫਿਕੇਟ ਅਤੇ ਜਨਮ ਮਿਤੀ ਰਜਿਸਟਰੇਸ਼ਨ ਦਾ ਅਸਲ ਸਰਟੀਫਿਕੇਟ ਨੱਥੀ ਕੀਤੇ ਜਾਣ (ਸੋਧ ਉਪਰੰਤ ਅਸਲ ਸਰਟੀਫਿਕੇਟ ਅਤੇ ਜਨਮ ਸਰਟੀਫਿਕੇਟ ਵਾਪਿਸ ਨਹੀਂ ਕੀਤੇ ਜਾਣਗੇ)।<br>2. ਨੌਕਰੀਸ਼ੁਦਾ ਬਿਨੈਕਾਰ ਆਪਣਾ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਵੱਲੋਂ ਤਸਦੀਕ ਕਰਵਾਏਗਾ ਅਤੇ ਇਤਰਾਜ਼ਹੀਣਤਾ ਸਰਟੀਫਿਕੇਟ (NOC) ਵੀ ਪੇਸ਼ ਕਰੇਗਾ।<br>3. ਵੇਰਵਿਆਂ ਦੀ ਸੋਧ ਸਬੰਧੀ ਬਿਨੈਕਾਰ (ਜੇਕਰ ਉਮਰ 18 ਸਾਲ ਤੋਂ ਵੱਧ ਹੈ)/ ਜੇਕਰ ਬਿਨੈਕਾਰ ਦੀ ਉਮਰ ਘੱਟ ਹੈ ਤਾਂ ਮਾਤਾ-ਪਿਤਾ ਵੱਲੋਂ ਬਾਕੀ ਬੱਚਿਆ ਦਾ ਵੇਰਵਾ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਦਿੱਤਾ ਜਾਵੇ , ਹਲਫੀਆ ਬਿਆਨ ਵਿੱਚ ਬਿਨੈਕਾਰ ਵੱਲੋਂ ਇਹ ਵੀ ਦਰਜ਼ ਕੀਤਾ ਜਾਵੇ ਕਿ ਉਹ ਕਿਸੇ ਸਰਕਾਰੀ ਜਾਂ |

| | | | |
|---|---|---|---|
| | | | ਗੈਰ-ਸਰਕਾਰੀ ਸੰਸਥਾ ਵਿੱਚ ਨੌਕਰੀ ਕਰਦਾ ਹੈ ਜਾਂ ਨਹੀਂ ਅਤੇ ਉਸਦੇ ਵਿਰੁੱਧ ਕਿਸੇ ਅਦਾਲਤ ਵਿੱਚ ਕੋਈ ਕੋਰਟ ਕੇਸ ਨਹੀਂ ਚੱਲਦਾ ਅਤੇ ਨਾ ਹੀ ਕੋਈ ਕੇਸ ਦਰਜ਼ ਹੈ।(ਨਮੂਨਾ ਨਾਲ ਨੱਥੀ)<br>4. ਭੈਣ-ਭਰਾਵਾਂ ਦੇ ਜਨਮ ਜਾਂ ਯੋਗਤਾ ਸਰਟੀਫਿਕੇਟ ਦੀਆਂ ਸਵੈ ਤਸਦੀਕਸ਼ੁਦਾ (Self Attested) ਫੋਟੋ ਕਾਪੀਆਂ ਨੱਥੀ ਕੀਤੀਆ ਜਾਣ।<br>5. ਜੇਕਰ ਮਾਤਾ-ਪਿਤਾ ਦੇ ਨਾਂ ਵਿੱਚ ਪੂਰੀ ਤਰ੍ਹਾਂ ਤਬਦੀਲੀ ਹੋ ਰਹੀ ਹੈ ਤਾਂ ਤਬਦੀਲੀ ਦਾ ਕਾਰਨ ਦੱਸਦੇ ਹੋਏ ਦੋਵੇਂ ਨਾਮਾਂ ਬਾਰੇ ਸਪੱਸ਼ਟ ਕਰਦੇ ਹੋਏ First class Magistrate ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਵੀ ਨੱਥੀ ਕੀਤਾ ਜਾਵੇ।<br>6. ਸਬੰਧਤ ਪ੍ਰਾਰਥੀ ਜਾਂ ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ/ Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ। |
| 2.3 | ਅਡਾਪਸ਼ਨ ਡੀਡ ਆਧਾਰਿਤ ਸੋਧਾਂ | ਦਸਤਾਵੇਜ਼ | 1. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਰੀਆਂ ਸ਼੍ਰੇਣੀਆਂ ਦੇ ਅਸਲ ਸਰਟੀਫਿਕੇਟ ਨੱਥੀ ਕੀਤੇ ਜਾਣ।ਪ੍ਰਾਰਥੀ ਦੇ ਮਾਤਾ-ਪਿਤਾ ਦਾ ਨਾਮ ਅਡਾਪਸ਼ਨ ਡੀਡ(ਹਿੰਦੂ ਅਡਾਪਸ਼ਨ ਐਂਡ ਮੈਨਟੀਨੈਂਸ ਐਕਟ 1956 ) ਦੇ ਆਧਾਰ ਤੇ ਦਰਜ਼ ਕਰਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀਆਂ ਗਈਆ ਸਾਰੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ ਜਾਰੀ ਕੀਤੇ ਜਾ ਸਕਣਗੇ। ਇਹ ਸਰਟੀਫਿਕੇਟ ਜਾਰੀ ਕਰਨ ਸਮੇਂ ' ਕੁਦਰਤੀ ਮਾਪਿਆਂ ਦੀ ਬਜਾਏ 'ਗੋਦ ਲੈਣ ਵਾਲੇ ਮਾਪਿਆਂ ' ਦਾ ਨਾਮ Training Manual for Civil Registration Functionaries in India ਵਿੱਚ ਦਰਜ਼ ਉਪਬੰਧਾਂ / ਹਦਾਇਤਾਂ ਅਨੁਸਾਰ ਦਰਜ਼ ਕੀਤਾ ਜਾਵੇਗਾ। ਸਬੰਧਤ ਜਿਲ੍ਹਾ ਮੈਨੇਜ਼ਰ / ਸੁਪਰਡੰਟ ਸਿੰਗਲ ਵਿੰਡੋ ਨੂੰ ਅਸਲ ਅਡਾਪਸ਼ਨ ਡੀਡ seen ਕਰਵਾਈ ਜਾਵੇ ਅਤੇ ਇਸ ਦੀ ਸਵੈ ਤਸਦੀਕਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆ ਜਾਣ। |

| | | | |
|---|---|---|---|
| | | | 2. ਨੌਕਰੀਸ਼ੁਦਾ ਬਿਨੈਕਾਰ ਆਪਣਾ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਵੱਲੋਂ ਤਸਦੀਕ ਕਰਵਾਏਗਾ ਅਤੇ ਇਤਰਾਜਹੀਣਤਾ ਸਰਟੀਫਿਕੇਟ (NOC) ਵੀ ਪੇਸ਼ ਕਰੇਗਾ। 3. ਜਨਮ ਮਿਤੀ ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ, ਜਿਸ ਵਿੱਚ adopt ਕਰਨ ਵਾਲੇ ਮਾਤਾ-ਪਿਤਾ ਦਾ ਨਾਮ ਦਰਜ ਹੋਵੇ (ਸੋਧ ਉਪਰੰਤ ਅਸਲ ਸਰਟੀਫਿਕੇਟ ਵਾਪਿਸ ਨਹੀਂ ਕੀਤਾ ਜਾਵੇਗਾ)। 4. ਮਾਤਾ ਜਾਂ ਪਿਤਾ ਵੱਲੋਂ First class Magistrate ਤੋਂ Adoption Deed ਸਬੰਧੀ ਤਸਦੀਕਸ਼ੁਦਾ ਹਲਫੀਆ ਬਿਆਨ ਨੱਥੀ ਕੀਤਾ ਜਾਵੇ। 5. ਸਬੰਧਤ ਪ੍ਰਾਰਥੀ ਜਾਂ ਉਸ ਦੇ ਮਾਤਾ/ ਪਿਤਾ ਦੇ ਵੋਟਰ ਕਾਰਡ/ Driving licence ਅਤੇ ਪਾਸਪੋਰਟ ਦੀ ਸਵੈ-ਤਸਦੀਕਸ਼ੁਦਾ ਕਾਪੀ। |

Note :-

1. ਬਿਨੈਕਾਰ ਸੋਧ ਦਾ ਫਾਰਮ ਭਰਦੇ ਸਮੇਂ ਆਪਣਾ ਮੋਬਾਈਲ ਨੰਬਰ ਸਹੀ ਦਰਜ਼ ਕਰਨਾ ਯਕੀਨੀ ਬਣਾਏ ਤਾਂ ਜੋ ਕੇਸ ਸਬੰਧੀ ਜਾਣਕਾਰੀ ਦਿੱਤੀ ਜਾ ਸਕੇ। ਬਿਨੈਕਾਰ ਨੂੰ ਕੇਸ ਦੀਆਂ ਤਰੁੱਟੀਆਂ ਸਬੰਧੀ ਆਨਲਾਈਨ ਪੋਰਟਲ ਤੇ ਜਾਣਕਾਰੀ ਦਿੱਤੀ ਜਾਵੇਗੀ, ਕੋਈ ਪੱਤਰ ਵਿਹਾਰ ਵੱਖਰੇ ਤੌਰ ਤੇ ਨਹੀਂ ਕੀਤਾ ਜਾਵੇਗਾ ।

2. ਸੋਧਾਂ ਦੇ ਫਾਰਮ ਮੁੱਖ ਦਫ਼ਤਰ / ਸਬੰਧਤ ਜਾਂ ਨਜ਼ਦੀਕੀ ਜਿਲ੍ਹੇ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾਣ ।

3. ਮਾਤਾ / ਪਿਤਾ ਦੇ ਨਾਂ ਦੀ ਸੋਧ ਦੇ ਕੇਸਾਂ ਵਿੱਚ ਹਲਫੀਆ ਬਿਆਨ ਮਾਤਾ, ਪਿਤਾ ਵੱਲੋਂ ਹੀ ਦਿੱਤਾ ਜਾਵੇ ।

**ਫੀਸ ਦਾ ਵੇਰਵਾ : 1300/- ਰੁਪਏ ਪ੍ਰਤੀ ਗਲਤੀ ਸੋਧ ਫੀਸ + 500/- ਰੁਪਏ ਪ੍ਰਤੀ ਸਾਲ ਦੇਰੀ ਦੀ ਫੀਸ (ਬੋਰਡ ਦੀ ਪਾਸ ਕੀਤੀ ਮੁੱਢਲੀ ਪ੍ਰੀਖਿਆ ਤੋਂ ਲੈਕੇ ) + 900/- ਰੁਪਏ ਪ੍ਰਤੀ ਸੈਕਿੰਡ ਕਾਪੀ ਆਫ ਸਰਟੀਫਿਕੇਟ ਫੀਸ ਲਈ ਜਾਵੇਗੀ। 500/- ਰੁਪਏ ਪ੍ਰਤੀ ਸਾਲ ਦੇਰੀ ਦੀ ਫੀਸ ਰਿਕਾਰਡ ਅਧਾਰਿਤ ਸੋਧਾਂ ਤੇ ਲਾਗੂ ਨਹੀਂ ਹੋਵੇਗੀ, ਇਹ ਫੀਸ ਕੇਵਲ ਜਨਮ ਸਰਟੀਫਿਕੇਟ ਅਧਾਰਿਤ ਸੋਧਾਂ ਵਾਲੇ ਕੇਸ ਵਿੱਚ ਹੀ ਲਾਗੂ ਹੁੰਦੀ ਹੈ।**

ਸਹੀ/-

ਸੁਪਰਡੰਟ (ਸਰਟੀਫਿਕੇਟ ਸ਼ਾਖਾ)

# ਹਲਫੀਆ ਬਿਆਨ ਦਾ ਨਮੂਨਾ

## (ਜਨਮ ਮਿਤੀ / ਮਾਤਾ / ਪਿਤਾ ਦੇ ਨਾਮ ਦੀ ਸੋਧ ਲਈ)

ਬਿਨੈਕਾਰ ਵੱਲੋਂ (ਜੇਕਰ ਬਿਨੈਕਾਰ ਬਾਲਗ ਹੈ)

ਮੈਂ ...................................................................... ਪੁੱਤਰ/ ਪੁੱਤਰੀ ਸ਼੍ਰੀ ............................................ਵਾਸੀ......................................................... ਤਹਿਸੀਲ ..........................ਜਿਲਾ.........................................ਦਾ ਰਹਿਣ ਵਾਲਾ/ ਵਾਲੀ ਹਾਂ। ਮੈਂ ਹੇਠ ਲਿਖਤ ਬਿਆਨ ਕਰਦਾ/ ਕਰਦੀ ਹਾਂ ਕਿ :-

1. ਇਹ ਕਿ ਮੈਂ ਉਕਤ ਪਤੇ ਦਾ ਪੱਕਾ/ਪੱਕੀ ਵਸਨੀਕ ਹਾਂ।
2. ਇਹ ਕਿ ਮੇਰਾ ਨਾਂ.............., ਪਿਤਾ/ ਮਾਤਾ ਦਾ ਨਾਂ ਸ਼੍ਰੀ................../ ਸ਼੍ਰੀਮਤੀ........... ਹੈ, ਜੋ ਕਿ ਸਹੀ ਵਾ ਦਰੁਸਤ ਹੈ।
3. ਮੇਰੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਮੇਰੀ ਜਨਮ ਮਿਤੀ ...............ਛਪੀ ਹੈ ਜੋ ਮੇਰੇ ਜਨਮ ਮਿਤੀ ਦੇ ਰਿਕਾਰਡ ਅਨੁਸਾਰ ਸਹੀ ਨਹੀਂ ਹੈ। ਮੇਰੇ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ............ ਹੈ।
4. ਮੇਰੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਮੇਰੇ ਪਿਤਾ ਦਾ ਨਾਂ ਗਲਤ............. ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ....................ਹੈ ਅਤੇ ਮਾਤਾ ਦਾ ਨਾਂ ਗਲਤ.......................ਛਪਿਆ ਹੈ, ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ............... ਹੈ।
5. ਅਸੀਂ ਕੁੱਲ.......... ਭੈਣ / ਭਰਾ ਹਾਂ। ਜਿਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ।
   a) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   b) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   c) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   d) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
6. ਮੇਰੀ ਜਨਮ ਮਿਤੀ ਸਕੂਲ ਦੇ ਰਿਕਾਰਡ ਵਿੱਚ ........ਗਲਤ ਲਿਖੀ ਹੈ ਜਦੋਂ ਕਿ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ ................ ਹੈ।
7. ਮੇਰੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।
8. ਮੈਂ ਕਿਸੇ ਵੀ ਅਦਾਰੇ ਵਿੱਚ ਨੌਕਰੀ ਨਹੀਂ ਕਰ ਰਿਹਾ/ ਰਹੀ ਹਾਂ।

   ਜਾਂ

   ਮੈਂ (.......................................................................ਮਹਿਕਮੇ/ ਅਦਾਰੇ ਦਾ ਨਾਂ) ਵਿੱਚ ਨੌਕਰੀ ਕਰ ਰਿਹਾ/ ਰਹੀ ਹਾਂ ਅਤੇ ਨਿਯੁਕਤੀਕਾਰ ਵਲੋਂ ਜਾਰੀ ਕੀਤਾ ਇਤਰਾਜਹੀਨਤਾ (**NOC**) ਸਰਟੀਫਿਕੇਟ ਨੱਥੀ ਕਰ ਰਿਹਾ/ ਰਹੀ ਹਾਂ।
9. ਜੇਕਰ ਮਾਤਾ-ਪਿਤਾ ਦੇ ਨਾਂ ਵਿੱਚ ਪੂਰੀ ਤਰ੍ਹਾਂ ਤਬਦੀਲੀ ਹੋ ਰਹੀ ਹੈ ਤਾਂ ਤਬਦੀਲੀ ਦਾ ਕਾਰਨ ਦੱਸਦੇ ਹੋਏ ਦੋਵਾਂ ਨਾਮਾ ਬਾਰੇ ਸਪਸ਼ਟ ਕਰਦੇ ਹੋਏ ਹਲਫੀਅ ਬਿਆਨ ਵਿੱਚ ਦਰਜ਼ ਕੀਤਾ ਜਾਵੇ।

ਮਿਤੀ:-...................... (ਬਿਨੈਕਾਰ ਦੇ ਹਸਤਾਖਰ)

ਸਥਾਨ:-.....................

ਵੈਰੀਫਿਕੇਸ਼ਨ:-

ਇਹ ਕਿ ਉਕਤ ਹਲਫੀਆ ਬਿਆਨ ਦੇ ਤੱਥ ਸਹੀ ਅਤੇ ਰਿਕਾਰਡ ਅਨੁਸਾਰ ਹਨ ਅਤੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ।

ਮਿਤੀ:-...................... (ਬਿਨੈਕਾਰ ਦੇ ਹਸਤਾਖਰ)

ਸਥਾਨ:-.....................

ਨੋਟ:-

1) ਜੇਕਰ ਕਿਸੇ ਭੈਣ-ਭਰਾ ਦੀ ਮੌਤ ਵੀ ਹੋ ਚੁੱਕੀ ਹੋਵੇ ਤਾਂ ਵੀ ਉਪਰੋਕਤ ਕਾਲਮ ਨੰ:5 ਵਿੱਚ ਵੇਰਵੇ ਦਰਜ ਕੀਤੇ ਜਾਣ।
2) ਉਕਤ ਦਰਜ਼ ਹਲਫੀਆ ਬਿਆਨ ਪਹਿਲਾ ਦਰਜ਼ਾ ਮੈਜਿਸਟ੍ਰੇਟ ਤੋਂ ਤਸਦੀਕ ਕਰਵਾਇਆ ਜਾਵੇ।

# ਹਲਫੀਆ ਬਿਆਨ ਦਾ ਨਮੂਨਾ

## (ਜਨਮ ਮਿਤੀ / ਮਾਤਾ / ਪਿਤਾ ਦੇ ਨਾਮ ਦੀ ਸੋਧ ਲਈ)

ਮਾਤਾ /ਪਿਤਾ ਵੱਲੋਂ (ਜੇਕਰ ਬਿਨੈਕਾਰ ਨਾਬਾਲਗ ਹੈ)

ਮੈਂ ..................................................................... ਪੁੱਤਰ/ ਪੁੱਤਰੀ ਸ਼੍ਰੀ ..............................................ਵਾਸੀ.......................................................... ਤਹਿਸੀਲ ..........................ਜਿਲਾ.........................................ਦਾ ਰਹਿਣ ਵਾਲਾ/ ਵਾਲੀ ਹਾਂ। ਮੈਂ ਹੇਠ ਲਿਖਤ ਬਿਆਨ ਕਰਦਾ/ ਕਰਦੀ ਹਾਂ ਕਿ :-

1. ਇਹ ਕਿ ਮੈਂ ਉਕਤ ਪਤੇ ਦਾ ਪੱਕਾ/ਪੱਕੀ ਵਸਨੀਕ ਹਾਂ।
2. ਇਹ ਕਿ ਮੇਰੇ ਬੱਚੇ ਦਾ ਨਾਂ.............., ਪਿਤਾ/ ਮਾਤਾ ਦਾ ਨਾਂ ਸ਼੍ਰੀ.................../ ਸ਼੍ਰੀਮਤੀ........... ਹੈ, ਜੋ ਕਿ ਸਹੀ ਵਾ ਦਰੁਸਤ ਹੈ।
3. ਮੇਰੇ ਬੱਚੇ ਦੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਉਸਦੀ ਜਨਮ ਮਿਤੀ ...............ਛਪੀ ਹੈ ਜੋ ਉਸਦੇ ਜਨਮ ਮਿਤੀ ਦੇ ਰਿਕਾਰਡ ਅਨੁਸਾਰ ਸਹੀ ਨਹੀਂ ਹੈ। ਉਸਦੇ ਜਨਮ ਸਰਟੀਫਿਕੇਟ ਅਨੁਸਾਰ ਉਸਦੀ ਸਹੀ ਜਨਮ ਮਿਤੀ............ ਹੈ।
4. ਮੇਰੇ ਬੱਚੇ ਦੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਪਿਤਾ ਦਾ ਨਾਂ ਗਲਤ............. ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ....................ਹੈ ਅਤੇ ਮਾਤਾ ਦਾ ਨਾਂ ਗਲਤ.......................ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ............... ਹੈ।
5. ਮੇਰੇ ਕੁੱਲ..........ਬੱਚੇ ਹਨ। ਜਿਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ।
   a) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   b) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   c) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   d) ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ..........ਮਾਤਾ ਦਾ ਨਾਂ............
6. ਮੇਰੇ ਬੱਚੇ ਦੀ ਜਨਮ ਮਿਤੀ ਸਕੂਲ ਦੇ ਰਿਕਾਰਡ ਵਿੱਚ ........ਗਲਤ ਲਿਖੀ ਹੈ ਜਦੋਂ ਕਿ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ................. ਹੈ।
7. ਮੇਰੇ ਬੱਚੇ ਦੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।
8. ਜੇਕਰ ਮਾਤਾ-ਪਿਤਾ ਦੇ ਨਾਂ ਵਿੱਚ ਪੂਰੀ ਤਰ੍ਹਾਂ ਤਬਦੀਲੀ ਹੋ ਰਹੀ ਹੈ ਤਾਂ ਤਬਦੀਲੀ ਦਾ ਕਾਰਨ ਦੱਸਦੇ ਹੋਏ ਦੋਵਾਂ ਨਾਮਾ ਬਾਰੇ ਸਪਸ਼ਟ ਕਰਦੇ ਹੋਏ ਹਲਫੀਅ ਬਿਆਨ ਵਿੱਚ ਦਰਜ਼ ਕੀਤਾ ਜਾਵੇ।

ਮਿਤੀ:-...................... (ਬਿਨੈਕਾਰ ਦੇ ਹਸਤਾਖਰ)

ਸਥਾਨ:-......................

ਵੈਰੀਫਿਕੇਸ਼ਨ:- ਇਹ ਕਿ ਉਕਤ ਹਲਫੀਆ ਬਿਆਨ ਦੇ ਤੱਥ ਸਹੀ ਅਤੇ ਰਿਕਾਰਡ ਅਨੁਸਾਰ ਹਨ ਅਤੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ।

ਮਿਤੀ:-...................... (ਬਿਨੈਕਾਰ ਦੇ ਹਸਤਾਖਰ)

ਸਥਾਨ:-......................

ਨੋਟ:-

1) ਜੇਕਰ ਕਿਸੇ ਭੈਣ-ਭਰਾ ਦੀ ਮੌਤ ਵੀ ਹੋ ਚੁੱਕੀ ਹੋਵੇ ਤਾਂ ਵੀ ਉਪਰੋਕਤ ਕਾਲਮ ਨੰ:5 ਵਿੱਚ ਵੇਰਵੇ ਦਰਜ ਕੀਤੇ ਜਾਣ।
2) ਉਕਤ ਦਰਜ਼ ਹਲਫੀਆ ਬਿਆਨ ਪਹਿਲਾ ਦਰਜਾ ਮੈਜਿਸਟ੍ਰੇਟ ਤੋਂ ਤਸਦੀਕ ਕਰਵਾਇਆ ਜਾਵੇ।

# ਹਲਫੀਆ ਬਿਆਨ ਦਾ ਨਮੂਨਾ

## (ਪ੍ਰੀਖਿਆਰਥੀ ਦੇ ਨਾਮ ਦੀ ਸੋਧ ਲਈ)

(ਬਿਨੈਕਾਰ ਨਾਬਾਲਗ ਹੋਣ ਦੀ ਸੂਰਤ ਵਿੱਚ ਪਿਤਾ ਵੱਲੋ ਦਿੱਤਾ ਜਾਵੇ)

ਮੈਂ ..............................................................................................................

ਸਪੁੱਤਰ/ਸਪੁੱਤਰੀ ਸ਼੍ਰੀ.............................................................................................................

ਬਿਆਨ ਦਿੰਦਾ ਹਾਂ ਕਿ ਮੇਰਾ ਸਪੁੱਤਰ/ਸਪੁੱਤਰੀ (ਨਾਬਾਲਗ) ਜਿਸਦੀ ਉਮਰ 18 ਸਾਲ **ਤੋਂ** ਘੱਟ ਹੈ ਨੇ ਆਪਣਾ ਨਾਂ........................... **ਤੋਂ**................................ ਮੇਰੀ ਮੰਨਜੂਰੀ ਨਾਲ ਤਬਦੀਲ ਕਰ ਲਿਆ ਹੈ, ਉਹ ਇੱਕ ਅਤੇ ਓਹੀ ਵਿਅਕਤੀ ਹੈ ਅਤੇ ਉਸਦਾ ਨਾਂ ਬਦਲਣ ਦਾ ਕਾਰਨ ...................................................................................
......................................................................ਹੈ।

ਦਸਤਖਤ (ਹਲਫੀਆ ਬਿਆਨ ਦੇਣ ਵਾਲੇ ਦੇ)

ਪੂਰਾ ਪਤਾ : ............................................................. .

.........................................................................

.................................. ਮੋਬਾਇਲ ਨੰ................................

ਸਥਾਨ ............................... ਮਿਤੀ...................................

ਨੋਟ:–

1) ਉਕਤ ਦਰਜ਼ ਹਲਫੀਆ ਬਿਆਨ ਪਹਿਲਾ ਦਰਜ਼ਾ ਮੈਜਿਸਟ੍ਰੇਟ ਤੋਂ ਤਸਦੀਕ ਕਰਵਾਇਆ ਜਾਵੇ।

# ਹਲਫੀਆ ਬਿਆਨ ਦਾ ਨਮੂਨਾ

## (ਪ੍ਰੀਖਿਆਰਥੀ ਦੇ ਨਾਮ ਦੀ ਸੋਧ ਲਈ)

(ਬਿਨੈਕਾਰ ਦੇ ਬਾਲਗ ਹੋਣ ਦੀ ਸੂਰਤ ਵਿੱਚ ਬਿਨੈਕਾਰ ਵਲੋਂ ਦਿੱਤਾ ਜਾਵੇ)

(ਬਿਨੈਕਾਰ ਹਲਫੀਆਂ ਬਿਆਨ ਵਿੱਚ ਆਪਣੇ ਪੁਰਾਣੇ ਨਾਂ ਨਾਲ ਹਸਤਾਖਰ ਕਰੇ)

ਮੈਂ ...........................................................................................................

ਸਪੁੱਤਰ/ਸਪੁੱਤਰੀ ਸ਼੍ਰੀ...........................................................................................................

ਬਿਆਨ ਦਿੰਦਾ ਹਾਂ ਕਿ ਮੇਰਾ ਸਪੁੱਤਰ/ਸਪੁੱਤਰੀ (ਬਾਲਗ) ਜਿਸਦੀ ਉਮਰ 18 ਸਾਲ **ਤੋਂ** ਵੱਧ ਹੈ ਨੇ ਆਪਣਾ ਨਾਂ............................ **ਤੋਂ**................................ ਮੇਰੀ ਮਰਜੀ ਨਾਲ ਤਬਦੀਲ ਕਰ ਲਿਆ ਹੈ, ਮੈਂ ਇੱਕੋ ਅਤੇ ਓਹੀ ਵਿਅਕਤੀ ਹੈ ਅਤੇ ਉਸਦਾ ਨਾਂ ਬਦਲਣ ਦਾ ਕਾਰਨ ...............................................................................................

..........................................................................ਹੈ।

2. ਮੇਰੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।

3 ਮੈਂ ਕਿਸੇ ਵੀ ਅਦਾਰੇ ਵਿੱਚ ਨੌਕਰੀ ਨਹੀਂ ਕਰ ਰਿਹਾ/ ਰਹੀ ਹਾਂ।

ਜਾਂ

ਮੈਂ (.........................................................................ਮਹਿਕਮੇ/ ਅਦਾਰੇ ਦਾ ਨਾਂ) ਵਿੱਚ ਨੌਕਰੀ ਕਰ ਰਿਹਾ/ ਰਹੀ ਹਾਂ ਅਤੇ ਨਿਯੁਕਤੀਕਾਰ ਵਲੋਂ ਜਾਰੀ ਕੀਤਾ ਇਤਰਾਜਹੀਨਤਾ (NOC) ਸਰਟੀਫਿਕੇਟ ਨੱਥੀ ਕਰ ਰਿਹਾ/ ਰਹੀ ਹਾਂ।

ਦਸਤਖਤ (ਹਲਫੀਆ ਬਿਆਨ ਦੇਣ ਵਾਲੇ ਦੇ)

ਪੁਰਾ ਪਤਾ : ............................................................ .

..........................................................................

.................................. ਮੋਬਾਇਲ ਨੰ................................

ਸਥਾਨ ............................... ਮਿਤੀ...................................

ਨੋਟ:–

1) ਉਕਤ ਦਰਜ਼ ਹਲਫੀਆ ਬਿਆਨ ਪਹਿਲਾ ਦਰਜ਼ਾ ਮੈਜਿਸਟ੍ਰੇਟ ਤੋਂ ਤਸਦੀਕ ਕਰਵਾਇਆ ਜਾਵੇ।